# ਮਾਂ ਦੀ ਬੋਲੀ

ਮਾਂ ਦੀ ਬੋਲੀ ਮਿਠੀ ਬੋਲੀ

ਧੁਰ ਅੰਦਰ ਤਕ ਜਾਵੇ

ਲਗਦਾ ਕੰਨਾ ਦੇ ਵਿਚ ਕੋਈ

ਸ਼ਾਹਿਦ ਘੋਲ ਕੇ ਪਵੇ

ਮਾਂ ਦੀ ਬੋਲੀ....

"ਮਰ ਜਾਣਿਆ ਮਗਰੋਂ ਲਹੇ ਜਾ"

ਗੁੱਸੇ ਦੇ ਵਿਚ ਕਹਿੰਦੀ

ਲਮੀਆਂ ਉਮਰਾਂ ਮਾਣੇ ਪੁਤਰਾ

ਦਿਲ ਵਿਚ ਕਹਿੰਦੀ ਰਹਿੰਦੀ

ਮਾਂ ਦੀ ਬੋਲੀ.............

ਮਾਂ ਮਾਰੇ ਤਾਂ ਛਾਵੇਂ ਸੁੱਟੇ

ਕਹਿੰਦੇ ਲੋਕ ਸਿਆਣੇ

ਮਾਂ ਦੀਆਂ ਰਮਜ਼ਾਂ ਮਾਂ ਹੀ ਜਾਣੇ

ਹੋਰ ਕੋਈ ਨਾਂ ਜਾਣੇ

ਮਾਂ ਦੀ ਬੋਲੀ............

ਬਾਪੂ ਦੇ ਗੁੱਸੇ ਤੋਂ ਮਾਂ ਹੀ

ਪੁਤ ਨੂੰ ਸਦਾ ਬਚੋਂਦੀ

"ਮਾਰੋ ਨਾਂ ਸਮਝਾ ਦੂੰਗੀ ਮੈਂ"

ਮਾਤਾ ਜਦ ਕੁਰ੍ਲੋਂਦੀ

ਤਾਂ ਮਿਠੀ ਲਗਦੀ ਮਾਂ ਦੀ ਬੋਲੀ

ਮਾਂ ਦੀ ਬੋਲੀ ................

ਵਡੇ ਹੋ ਕੇ ਪੁਤਰ ਯਾਰੋ

ਖਰਵੀ ਬੋਲਣ ਕਾਂ ਦੀ ਬੋਲੀ

ਉਹਨਾਂ ਨੂੰ ਹੁਣ ਕੌੜੀ ਲਗਦੀ

ਸ਼ਾਹਿਦ ਤੋਂ ਮਿਠੀ ਮਾਂ ਦੀ ਬੋਲੀ

ਮਾਂ ਦੀ ਬੋਲੀ..........

ਮਾਂ ਦੀ ਬੋਲੀ ਮਿਠੀ ਬੋਲੀ

ਧੁਰ ਅੰਦਰ ਤਕ ਜਾਵੇ

ਲਗਦਾ ਕੰਨਾ ਦੇ ਵਿਚ ਕੋਈ

ਸ਼ਾਹਿਦ ਘੋਲ ਕੇ ਪਵੇ

ਮਾਂ ਦੀ ਬੋਲੀ....